StartingBlocks.gov.au

# ਆਪਣੀਆਂ ਸੇਵਾਵਾਂ ਵਿਖੇ ਤੁਸੀਂ ਕਿਹੜੀ ਚੀਜ਼ ਦੇਖ ਸਕਦੇ ਅਤੇ ਮੰਗ ਸਕਦੇ ਹੋ

ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਜਦ ਤੁਹਾਡੇ ਬੱਚੇ ਨੂੰ ਕਿਸੇ ਸਿੱਖਿਆ ਅਤੇ ਸੰਭਾਲ ਸੇਵਾ ਵਿਖੇ ਦਾਖਲ ਕੀਤਾ ਜਾਂਦਾ ਹੈ ਤਾਂ ਉਹ ਸੁਰੱਖਿਅਤ, ਖੁਸ਼ ਹੋਵੇਗਾ ਅਤੇ ਉਸਨੂੰ ਸਿੱਖਣ ਅਤੇ ਵਿਕਾਸ ਕਰਨ ਦੇ ਮੌਕੇ ਦਿੱਤੇ ਜਾਣਗੇ।

ਸਮੁੱਚੇ ਆਸਟਰੇਲੀਆ ਵਿੱਚ ਲੰਬੀ ਦੈਨਿਕ ਸੰਭਾਲ, ਪਰ੍ਰੀ-ਸਕੂਲ/ਕਿੰਡਰਗਾਰਟਨ, ਪਰਿਵਾਰਕ ਦੈਨਿਕ ਸੰਭਾਲ ਅਤੇ ਸਕੂਲੀ ਸਮੇਂ ਤੋਂ ਬਾਹਰੀ ਸੰਭਾਲ ਸੇਵਾਵਾਂ ਇੱਕੋ ਕੌਮੀ ਮਿਆਰਾਂ ਦੀ ਪੂਰਤੀ ਕਰਨ ਲਈ ਕੰਮ ਕਰ ਰਹੀਆਂ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੱਚਿਆਂ ਨੂੰ ਜੀਵਨ ਵਿੱਚ ਅਤੇ ਸਿੱਖਿਆ ਵਿੱਚ ਸਭ ਤੋਂ ਵਧੀਆ ਸ਼ੁਰੂਆਤ ਦਿੱਤੀ ਜਾਂਦੀ ਹੈ।



## ਤੁਹਾਡੀ ਸੇਵਾ ਨੂੰ ਕਿਵੇਂ ਨਿਯਮਿਤ ਕੀਤਾ ਜਾਂਦਾ ਹੈ?

### ਕੌਮੀ ਕਨੂੰਨ ਅਤੇ ਅਧਿਨਿਯਮ

ਜ਼ਿਆਦਾਤਰ ਸੇਵਾਵਾਂ ਨਿਯਮਿਤ ਹੁੰਦੀਆਂ ਹਨ ਅਤੇ ਇਹਨਾਂ ਵਾਸਤੇ ਕੌਮੀ ਗੁਣਵੱਤਾ ਢਾਂਚੇ (National Quality Framework) ਅਤੇ ਕੌਮੀ ਗੁਣਵੱਤਾ ਮਿਆਰ (National Quality Standard) ਤਹਿਤ ਆਉਂਦੀਆਂ ਲੋੜਾਂ ਦੀ ਤਾਮੀਲ ਕਰਨਾ ਲਾਜ਼ਮੀ ਹੈ।

ਇਹਨਾਂ ਵਿੱਚ ਹੇਠ ਲਿਖੇ ਵਾਸਤੇ ਲੋੜਾਂ ਸ਼ਾਮਲ ਹਨ:

- ਅਮਲੇ ਦੀ ਗਿਣਤੀ ਅਤੇ ਉਹਨਾਂ ਦੀਆਂ ਯੋਗਤਾਵਾਂ
- ਬੱਚਿਆਂ ਦੀ ਸਿਹਤ ਅਤੇ ਸਲਾਮਤੀ ਨੂੰ ਯਕੀਨੀ ਬਣਾਉਣਾ
- ਸੇਵਾ ਦੀ ਜਗਹ੍ਹਾ ਅਤੇ ਰੂਪ-ਰੇਖਾ
- ਬੱਚਿਆਂ ਵਾਸਤੇ ਵਿਕਾਸ ਸਬੰਧੀ ਅਤੇ ਸਿੱਖਣ ਦੇ ਤਜ਼ਰਬਿਆਂ ਦੀ ਗੁਣਵੱਤੈ।

ਤੁਹਾਡੇ ਪਰ੍ਹਾਂਤ ਜਾਂ ਕੇਂਦਰੀ ਪਰ੍ਹਦੇਸ਼ ਵਿੱਚ ਹੋਰ ਕਾਨੂੰਨ ਅਤੇ ਅਧਿਨਿਯਮ ਵੀ ਹੋ ਸਕਦੇ ਹਨ ਜਿਨਹ੍ਹਾਂ ਦੀ ਤਾਮੀਲ ਕਰਨਾ ਸਿੱਖਿਆ ਅਤੇ ਸੰਭਾਲ ਸੇਵਾਵਾਂ ਵਾਸਤੇ ਲਾਜ਼ਮੀ ਹੈ।

### ਸਿੱਖਿਆ ਅਤੇ ਸੰਭਾਲ ਸੇਵਾਵਾਂ ਨੂੰ ਨਿਯਮਿਤ ਕਰਨਾ

ਇਹ ਯਕੀਨੀ ਬਣਾਉਣ ਲਈ ਕਿ ਕਨੂੰਨੀ ਲੋੜਾਂ ਦੀ ਪੂਰਤੀ ਕੀਤੀ ਜਾਂਦੀ ਹੈ, ਹਰ ਪਰ੍ਹਾਂਤ ਅਤੇ ਕੇਂਦਰੀ ਪਰ੍ਹਦੇਸ਼ ਵਿੱਚ ਹਰ ਸੇਵਾ ਦੀ ਨਿਗਰਾਨੀ ਕਰਨ, ਮੁਲਾਂਕਣ ਕਰਨ ਅਤੇ ਉਸਦਾ ਦੌਰਾ ਕਰਨ ਲਈ ਇੱਕ ਅਧਿਨਿਯਮਕ ਅਥਾਰਟੀ ਹੁੰਦੀ ਹੈ।

ਅਧਿਨਿਯਮਕ ਅਥਾਰਟੀ ਸੇਵਾਵਾਂ ਨਾਲ ਮਿਲਕੇ ਵੀ ਕੰਮ ਕਰਦੀ ਹੈ ਤਾਂ ਜੋ ਸੁਧਾਰ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਉਹਨਾਂ ਦੀ ਮਦਦ ਕੀਤੀ ਜਾ ਸਕੇ ਕਿ ਬੱਚਿਆਂ ਨੂੰ ਗੁਣਵੱਤਾ ਭਰਪੂਰ ਸਿੱਖਣ ਦੇ ਅਨੁਭਵ ਮਿਲਦੇ ਹਨ।

ਤੁਹਾਡੀ ਸਥਾਨਕ ਅਥਾਰਟੀ ਵਾਸਤੇ ਸੰਪਰਕ ਵੇਰਵੇ ਏਥੇ ਉਪਲਬਧ ਹਨ:

www.startingblocks.gov.au/other-resources/external-links

## ਤੁਹਾਡੀ ਸੇਵਾ ਦੇ ਡਿਸਪਲੇਅ ਉੱਤੇ ਤੁਹਾਨੂੰ ਕੀ ਦੇਖਣਾ ਚਾਹੀਦਾ ਹੈ?

### ਗੁਣਵੱਤਾ ਦੀਆਂ ਦਰਜੇਬੰਦੀਆਂ

ਕੌਮੀ ਗੁਣਵੱਤਾ ਮਿਆਰ (National Quality Standard) ਦੇ ਮੱਦੇ ਨਜ਼ਰ ਅਧਿਨਿਯਮਕ ਅਥਾਰਟੀ ਦੁਆਰਾ ਸੇਵਾਵਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਗੁਣਵੱਤਾ ਲਈ ਦਰਜੇਬੰਦੀ ਦਿੱਤੀ ਜਾਂਦੀ ਹੈ।

ਸੇਵਾਵਾਂ ਤੋਂ ਲੋੜਿਆ ਜਾਂਦਾ ਹੈ ਕਿ ਇਹ ਆਪਣੀ ਗੁਣਵੱਤਾ ਦੀਆਂ ਦਰਜੇਬੰਦੀਆਂ ਨੂੰ ਪਰ੍ਹਦਰਸ਼ਿਤ ਕਰਨ।

ਆਪਣੀ ਸੇਵਾ ਨੂੰ ਉਹਨਾਂ ਦੀ ਗੁਣਵੱਤਾ ਦੀ ਦਰਜੇਬੰਦੀ ਬਾਰੇ ਪੁੱਛੋ ਅਤੇ ਜਾਣੋ ਕਿ ਕੌਮੀ ਗੁਣਵੱਤਾ ਮਿਆਰ (National Quality Standard) ਦੀ ਪੂਰਤੀ ਕਰਨ ਲਈ ਉਹ ਕਿਸ ਤਰਹ੍ਹਾਂ ਕੰਮ ਕਰ ਰਹੇ ਹਨ।

ਸੇਵਾ ਦੀਆਂ ਦਰਜੇਬੰਦੀਆਂ ਬਾਰੇ ਜਾਣਕਾਰੀ ਵਾਸਤੇ ਦੇਖੋ:

www.startingblocks.gov.au/find-child-care

### ਦਸਤਾਵੇਜ਼

ਤੁਹਾਡੇ ਸੇਵਾ ਵਾਸਤੇ ਕੁਝ ਵਿਸ਼ੇਸ਼ ਜਾਣਕਾਰੀ ਪਰ੍ਹਦਰਸ਼ਿਤ ਕਰਨਾ ਲਾਜ਼ਮੀ ਹੈ, ਜਿਸ ਵਿੱਚ ਸੰਕਟਕਾਲ ਅਤੇ ਬਚਾਅ ਕੇ ਕੱਢਣ ਲਈ ਹਰ ਮੰਜ਼ਿਲ ਦੀ ਯੋਜਨਾਵਾਂ, ਮਨਜ਼ੂਰਸ਼ੁਦਾ ਪਰ੍ਹਦਾਨਕ ਅਤੇ ਸਿੱਖਿਅਕ ਆਗੂ ਦਾ ਨਾਮ, ਨਾਮਜਦ ਸੁਪਰਵਾਈਜ਼ਰ ਇੰਚਾਰਜ ਦੇ ਸੰਪਰਕ ਵੇਰਵੇ, ਸੇਵਾ ਵਾਸਤੇ ਲਾਜ਼ਮੀ ਤੌਰ 'ਤੇ ਪੂਰੀਆਂ ਕੀਤੀਆਂ ਜਾਣ ਵਾਲੀਆਂ ਕੋਈ ਸ਼ਰਤਾਂ ਅਤੇ ਹੋਰ ਕਈ ਚੀਜ਼ਾਂ ਸ਼ਾਮਲ ਹਨ।

### ਸਿੱਖਿਆ ਸੰਬੰਧੀ ਪਰ੍ਹੋਗਰਾਮ

ਸਿੱਖਿਆ ਸੰਬੰਧੀ ਪਰ੍ਹੋਗਰਾਮ ਬਾਰੇ ਜਾਣਕਾਰੀ ਸੇਵਾ ਵਿਖੇ ਪਰ੍ਹਦਰਸ਼ਿਤ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਤੁਸੀਂ ਦੇਖ ਸਕੋ ਕਿ ਖੇਡ ਅਤੇ ਸਿੱਖਣ ਵਿੱਚ ਭਾਗੀਦਾਰੀ ਕਰਨ ਲਈ ਕਿਸ ਤਰਹ੍ਹਾਂ ਤੁਹਾਡੇ ਬੱਚੇ ਦਾ ਸਹਿਯੋਗ ਕੀਤਾ ਜਾਂਦਾ ਹੈ।

ਤੁਸੀਂ ਪਰ੍ਹੋਗਰਾਮ ਦੇ ਅੰਸ਼ਾਂ ਅਤੇ ਅਦਾਇਗੀ, ਤੁਹਾਡੇ ਬੱਚੇ ਦੀ ਭਾਗੀਦਾਰੀ ਅਤੇ ਤੁਹਾਡੇ ਬੱਚੇ ਦੀ ਪਰ੍ਹਗਤੀ ਨੂੰ ਦਸਤਾਵੇਜ਼ਬੱਧ ਕਰਦੇ ਮੁਲਾਂਕਣਾਂ ਦੀਆਂ ਕਾਪੀਆਂ ਬਾਰੇ ਜਾਣਕਾਰੀ ਦੀ ਬੇਨਤੀ ਕਰ ਸਕਦੇ ਹੋ।

StartingBlocks.gov.au

## ਤੁਹਾਡੀ ਸੇਵਾ ਨੂੰ ਤੁਹਾਨੂੰ ਕਿਸ ਬਾਰੇ ਦੱਸਣ ਦੀ ਲੋੜ ਹੁੰਦੀ ਹੈ?

### ਫੀਸ ਵਿੱਚ ਤਬਦੀਲੀ

ਚਾਰਜ ਕੀਤੀ ਜਾਂਦੀ ਫੀਸ ਵਿੱਚ ਕਿਸੇ ਵੀ ਤਬਦੀਲੀ ਲਈ ਜਾਂ ਫੀਸਾਂ ਇਕੱਤਰ ਕਰਨ ਦੇ ਤਰੀਕੇ ਵਿੱਚ ਤਬਦੀਲੀ ਵਾਸਤੇ ਤੁਹਾਨੂੰ ਲਾਜ਼ਮੀ ਤੌਰ 'ਤੇ 14 ਦਿਨਾਂ ਦਾ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ।

### ਘਟਨਾਵਾਂ, ਸੱਟ ਅਤੇ ਬਿਮਾਰੀ

ਜੇ ਤੁਹਾਡਾ ਬੱਚਾ ਕਿਸੇ ਘਟਨਾ, ਸੱਟ, ਸਦਮੇਂ ਜਾਂ ਬਿਮਾਰੀ ਵਿੱਚ ਸ਼ਾਮਲ ਹੁੰਦਾ ਹੈ, ਤਾਂ ਤੁਹਾਡੀ ਸੇਵਾ ਨੂੰ ਘਟਨਾ ਤੋਂ ਬਾਅਦ ਤੁਹਾਨੂੰ ਲਾਜ਼ਮੀ ਤੌਰ 'ਤੇ ਛੇਤੀ ਤੋਂ ਛੇਤੀ ਸੂਚਿਤ ਕਰਨਾ ਚਾਹੀਦਾ ਹੈ (ਪਰ 24 ਘੰਟੇ ਤੋਂ ਪਹਿਲਾਂ ਪਹਿਲਾਂ)।

### ਛੂਤਕਾਰੀ ਬਿਮਾਰੀਆਂ

ਜੇ ਸੇਵਾ ਵਿੱਚ ਕੋਈ ਛੂਤ ਦੀ ਬਿਮਾਰੀ ਫੁੱਟ ਪੈਂਦੀ ਹੈ, ਉਦਾਹਰਨ ਲਈ ਚੇਚਕ ਜਾਂ ਹੱਥ, ਪੈਰ ਅਤੇ ਮੂੰਹ ਦੀ ਬਿਮਾਰੀ ਤਾਂ ਮਾਪਿਆਂ ਜਾਂ ਅਧਿਕਾਰਿਤ ਸੰਕਟਕਾਲੀ ਸੰਪਰਕਾਂ ਨੂੰ ਛੇਤੀ ਤੋਂ ਛੇਤੀ ਸੂਚਿਤ ਕਰਨਾ ਲਾਜ਼ਮੀ ਹੈ।

### ਦਵਾਈ ਅਤੇ ਡਾਕਟਰੀ ਸਮੱਸਿਆਵਾਂ

ਜੇ ਤੁਹਾਡੇ ਬੱਚੇ ਦੀ ਕੋਈ ਵਿਸ਼ੇਸ਼ ਸਿਹਤ ਸੰਭਾਲ ਲੋੜ ਹੈ, ਉਸਨੂੰ ਐਲਰਜੀ ਜਾਂ ਡਾਕਟਰੀ ਸਮੱਸਿਆ ਹੈ, ਤਾਂ ਤੁਹਾਡੇ ਕੋਲੋਂ ਲੋੜਿਆ ਜਾਂਦਾ ਹੈ ਕਿ ਤੁਸੀਂ ਸੇਵਾ ਨੂੰ ਇੱਕ ਡਾਕਟਰੀ ਪਰਬੰਧਨ ਯੋਜਨਾ ਅਤੇ ਦਵਾਈ ਦਿੱਤੇ ਜਾਣ ਵਾਸਤੇ ਰਜ਼ਾਮੰਦੀ ਪਰਦਾਨ ਕਰੋ।

ਕਿਸੇ ਵੀ ਜੋਖ਼ਮਾਂ ਦਾ ਮੁਲਾਂਕਣ ਕਰਨ ਅਤੇ ਇਹਨਾਂ ਨੂੰ ਘੱਟ ਤੋਂ ਘੱਟ ਕਰਨ ਲਈ ਤੁਹਾਨੂੰ ਸੇਵਾ ਦੇ ਨਾਲ ਕੰਮ ਕਰਨ ਦੀ ਲੋੜ ਹੋਵੇਗੀ। ਸੇਵਾ ਨੂੰ ਤੁਹਾਨੂੰ ਇਸਦੀ ਡਾਕਟਰੀ ਸਮੱਸਿਆਵਾਂ ਬਾਰੇ ਨੀਤੀ ਦੀ ਇੱਕ ਕਾਪੀ ਪਰਦਾਨ ਕਰਾਉਣੀ ਚਾਹੀਦੀ ਹੈ।

ਕਿਸੇ ਸੰਕਟਕਾਲ ਵਿੱਚ, ਸੰਕਟਕਾਲੀ ਸੇਵਾਵਾਂ ਜਾਂ ਕੋਈ ਪੰਜੀਕਿਰਤ ਡਾਕਟਰੀ ਪਰੈਕਟੀਸ਼ਨਰ ਤੁਹਾਡੇ ਬੱਚੇ ਨੂੰ ਦਵਾਈ ਦੇ ਸਕਦਾ ਹੈ।

ਜੇ ਦਵਾਈ ਨੇ ਐਨਾਫਾਈਲੈਕਸਿਸ ਜਾਂ ਦਮੇਂ ਦੇ ਸੰਕਟਕਾਲ ਦਾ ਇਲਾਜ ਕੀਤਾ ਸੀ, ਤਾਂ ਤੁਹਾਡੀ ਸੇਵਾ ਵਾਸਤੇ ਛੇਤੀ ਤੋਂ ਛੇਤੀ ਤੁਹਾਨੂੰ ਅਤੇ ਸੰਕਟਕਾਲੀ ਸੇਵਾਵਾਂ ਨੂੰ ਫੋਨ ਕਰਨਾ ਲਾਜ਼ਮੀ ਹੈ।

### ਨੀਤੀ ਅਤੇ ਪਰ੍ਕਿਰਿਆਵਾਂ

ਤੁਹਾਡੀ ਸੇਵਾ ਕੋਲ ਦਾਖਲੇ, ਦਵਾਈ, ਸ਼ਿਕਾਇਤਾਂ ਦਾ ਪਰ੍ਬੰਧਨ ਕਰਨ, ਘਟਨਾਵਾਂ ਅਤੇ ਹੋਰ ਚੀਜ਼ਾਂ ਬਾਰੇ ਨੀਤੀਆਂ ਅਤੇ ਪਰ੍ਕਿਰਿਆਵਾਂ ਹੋਣਗੀਆਂ।

ਜੇ ਕਿਸੇ ਅਜਿਹੀ ਨੀਤੀ ਜਾਂ ਪਰ੍ਕਿਰਿਆ ਵਿੱਚ ਕੋਈ ਤਬਦੀਲੀ ਹੋਣ ਵਾਲੀ ਹੈ ਜੋ ਸੇਵਾ ਵੱਲੋਂ ਸਿੱਖਿਆ ਅਤੇ ਸੰਭਾਲ ਦੀ ਸੁਵਿਧਾ ਨੂੰ ਪਰ੍ਭਾਵਿਤ ਕਰ ਸਕਦੀ ਹੈ, ਤਾਂ ਤੁਹਾਨੂੰ 14 ਦਿਨਾਂ ਦਾ ਨੋਟਿਸ ਦਿੱਤਾ ਜਾਣਾ ਲਾਜ਼ਮੀ ਹੈ। ਉਦਾਹਰਨ ਲਈ, ਭੋਜਨ ਤੋਂ ਐਲਰਜੀ ਬਾਰੇ ਨੀਤੀਆਂ ਵਿੱਚ ਤਬਦੀਲੀਆਂ ਜੋ ਕੁਝ ਵਿਸ਼ੇਸ਼ ਭੋਜਨਾਂ ਨੂੰ ਮਨਹ੍ਹਾਂ ਕਰ ਸਕਦੀਆਂ ਹਨ ਜੋ ਤੁਹਾਡਾ ਬੱਚਾ ਸੇਵਾ ਵਿਖੇ ਲਿਆ ਸਕਦਾ ਹੈ।

ਹਾਲਾਂਕਿ, ਜੇ ਤੁਹਾਡੀ ਸੇਵਾ ਵਿਸ਼ਵਾਸ ਕਰਦੀ ਹੈ ਕਿ ਨੋਟਿਸ ਦੀ ਮਿਆਦ ਤੁਹਾਡੇ ਬੱਚਿਆਂ ਲਈ ਜੋਖ਼ਮ ਖੜ੍ਹਾ ਕਰੇਗੀ, ਤਾਂ ਤਬਦੀਲੀ ਕਰਨ ਦੇ ਬਾਅਦ ਤੁਹਾਨੂੰ ਛੇਤੀ ਤੋਂ ਛੇਤੀ ਸੂਚਿਤ ਕੀਤਾ ਜਾਵੇਗਾ।

### ਬਾਹਰੀ ਫੇਰੀਆਂ

ਇਸ ਤੋਂ ਪਹਿਲਾਂ ਕਿ ਤੁਹਾਡੇ ਬੱਚੇ ਨੂੰ ਇਮਾਰਤ ਤੋਂ ਬਾਹਰ ਕਿਸੇ ਬਾਹਰੀ ਫੇਰੀ ਲਈ ਲੈ ਕੇ ਜਾਇਆ ਜਾਵੇ, ਸੇਵਾਵਾਂ ਕੋਲ ਤੁਹਾਡਾ ਲਿਖਤੀ ਅਖਤਿਆਰਨਾਮਾ ਹੋਣਾ ਲਾਜ਼ਮੀ ਹੈ। ਅਖਤਿਆਰਨਾਮੇ ਵਿੱਚ ਲਾਜ਼ਮੀ ਤੌਰ 'ਤੇ ਤੁਹਾਡੇ ਬੱਚੇ ਦਾ ਨਾਮ, ਬਾਹਰੀ ਫੇਰੀ ਦਾ ਵਰਣਨ, ਆਵਾਜਾਈ ਦੀ ਵਿਧੀ, ਨਿਗਰਾਨੀ ਕਰਨ ਵਾਲੇ ਅਮਲੇ ਦੀ ਸੰਖਿਆ ਅਤੇ ਇਹ ਕਿ ਸੇਵਾ ਨੇ ਬਾਹਰੀ ਫੇਰੀ ਦੇ ਜੋਖ਼ਮ ਦਾ ਮੁਲਾਂਕਣ ਕਰ ਲਿਆ ਹੈ।

ਜੇ ਇਹ ਬਾਹਰੀ ਫੇਰੀ ਬਕਾਇਦਾ ਕੀਤੀ ਜਾਂਦੀ ਫੇਰੀ ਹੈ, ਉਦਾਹਰਨ ਲਈ ਲਾਇਬਰੇਰੀ ਤੱਕ ਹਫਤਾਵਾਰੀ ਗੇੜਾ, ਤਾਂ ਹੋ ਸਕਦਾ ਹੈ ਤੁਹਾਡੇ ਅਖਤਿਆਰਨਾਮੇ ਦੀ ਸਿਰਫ਼ ਹਰ 12 ਮਹੀਨੇ ਬਾਅਦ ਹੀ ਲੋੜ ਪਵੇ।

## ਤੁਸੀਂ ਆਪਣੀ ਸੇਵਾ ਵਿਖੇ ਕੀ ਦੇਖਣ ਲਈ ਪੁੱਛ ਸਕਦੇ ਹੋ?

### ਗੁਣਵੱਤਾ ਸੁਧਾਰ ਯੋਜਨਾ

ਸਾਰੀਆਂ ਸੇਵਾਵਾਂ ਕੋਲ ਤੁਹਾਡੇ ਸਮੀਖਿਆ ਕਰਨ ਵਾਸਤੇ ਇੱਕ ਗੁਣਵੱਤਾ ਸੁਧਾਰ ਯੋਜਨਾ ਹੋਵੇਗੀ। ਯੋਜਨਾ ਸੇਵਾ ਦੇ ਮਜ਼ਬੂਤ ਪੱਖਾਂ ਅਤੇ ਸੁਧਾਰ ਵਾਸਤੇ ਪਛਾਣੇ ਗਏ ਖੇਤਰਾਂ ਦਾ ਵਰਣਨ ਕਰਦੀ ਹੈ।

### ਤਾਮੀਲ ਦਾ ਰਿਕਾਰਡ

ਜੇ ਤੁਹਾਡੀ ਸੇਵਾ ਕੌਮੀ ਕਨੂੰਨ ਜਾਂ ਅਧਿਨਿਯਮਾਂ ਦੀ ਤਾਮੀਲ ਨਹੀ ਕਰ ਰਹੀ, ਤਾਂ ਅਧਿਨਿਯਮਕ ਅਥਾਰਟੀ ਸੇਵਾ ਨੂੰ ਕਾਰਵਾਈ ਕਰਨ ਅਤੇ ਸਮੱਸਿਆ ਠੀਕ ਕਰਨ ਲਈ ਕਹਿ ਸਕਦੀ ਹੈ।

ਤਾਮੀਲ ਰਿਕਾਰਡ ਵਿੱਚ ਉਸ ਤਰੀਕੇ ਵਿੱਚ ਕਿਸੇ ਵੀ ਤਬਦੀਲੀਆਂ ਬਾਰੇ ਜਾਣਕਾਰੀ ਸ਼ਾਮਲ ਹੋ ਸਕਦੀ ਹੈ ਜਿਸ ਵਿੱਚ ਤੁਹਾਡੀ ਸੇਵਾ ਨੂੰ ਕਾਰਜ ਕਰਨ ਦੀ ਆਗਿਆ ਹੈ, ਜਾਂ ਇਸ ਵਿੱਚ ਕਾਰਵਾਈ ਕਰਨ ਲਈ ਪਰਦਾਨਕ ਵਾਸਤੇ ਹਿਦਾਇਤਾਂ ਸ਼ਾਮਲ ਹੋ ਸਕਦੀਆਂ ਹਨ। ਉਦਾਹਰਨ ਲਈ, ਜੇ ਸੇਵਾ ਆਪਣੀ ਧੁੱਪ ਤੋਂ ਸੁਰੱਖਿਆ ਬਾਰੇ ਨੀਤੀ ਦੀ ਪਾਲਣਾ ਕਰਨ ਵਿੱਚ ਅਸਫਲ ਹੋ ਜਾਂਦੀ ਹੈ, ਤਾਂ ਅਧਿਨਿਯਮਕ ਅਥਾਰਟੀ ਸੇਵਾ ਨੂੰ ਇਸਦੀ ਵਰਤੋਂ ਕਰਨ ਵਿੱਚ ਆਪਣੇ ਅਮਲੇ ਨੂੰ ਸਿਖਲਾਈ ਜਾਂ ਪੁਨਰ-ਸਿਖਲਾਈ ਦੇਣ ਦੀ ਹਿਦਾਇਤ ਦੇ ਸਕਦੀ ਹੈ।

ਸਾਰੀਆਂ ਸੇਵਾਵਾਂ ਕੋਲ ਲਾਜ਼ਮੀ ਤੌਰ 'ਤੇ ਤਾਮੀਲ ਦਾ ਰਿਕਾਰਡ ਹੋਣਾ ਚਾਹੀਦਾ ਹੈ। ਤੁਸੀਂ ਇਸ ਰਿਕਾਰਡ ਨੂੰ ਦੇਖਣ ਦੀ ਬੇਨਤੀ ਕਰ ਸਕਦੇ ਹੋ। ਇਸ ਵਿੱਚ ਲਾਜ਼ਮੀ ਤੌਰ 'ਤੇ ਅਜਿਹੀ ਕੋਈ ਜਾਣਕਾਰੀ ਨਹੀ ਹੋਣੀ ਚਾਹੀਦੀ ਜੋ ਕਿਸੇ ਵੀ ਵਿਅਕਤੀ ਜਾਂ ਬੱਚੇ ਦੀ ਪਛਾਣ ਕਰਦੀ ਹੋਵੇ।

ਗੰਭੀਰ ਗੈਰ-ਤਾਮੀਲ, ਜਿਸ ਵਿੱਚ ਕਿਸੇ ਸੇਵਾ ਦੇ ਖਿਲਾਫ ਮੁਕੱਦਮੇਬਾਜ਼ੀਆਂ ਵੀ ਸ਼ਾਮਲ ਹਨ, ਨੂੰ ਅਧਿਨਿਯਮਕ ਅਥਾਰਟੀ ਦੁਆਰਾ ਆਪਣੀ ਵੈੱਬਸਾਈਟ 'ਤੇ ਪਰ੍ਕਾਸ਼ਿਤ ਕੀਤਾ ਜਾ ਸਕਦਾ ਹੈ।

## ਮੈਂ ਸ਼ਿਕਾਇਤ ਕਿੱਥੇ ਦਾਇਰ ਕਰਵਾ ਸਕਦਾ/ਦੀ ਹਾਂ?

ਬੱਚਿਆਂ ਨੂੰ ਉਸ ਸਮੇਂ ਲਾਭ ਮਿਲਦਾ ਹੈ ਜਦ ਪਰਿਵਾਰ ਅਤੇ ਸਿੱਖਿਅਕ ਭਾਈਵਾਲੀ ਵਿੱਚ ਕੰਮ ਕਰਦੇ ਹਨ। ਜੇ ਤੁਹਾਡੇ ਕੋਈ ਸ਼ੰਕੇ ਜਾਂ ਚਿੰਤਾਵਾਂ ਹਨ, ਤਾਂ ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਸੇਵਾ ਨਾਲ ਜਾਂ ਮਨਜ਼ੂਰਸ਼ੁਦਾ ਪਰਦਾਨਕ ਨਾਲ ਗੱਲ ਕਰਨੀ ਚਾਹੀਦੀ ਹੈ, ਕਿਉਂਕਿ ਸਪੱਸ਼ਟ ਅਤੇ ਖੁੱਲ੍ਹੇ ਸੰਚਾਰ ਤੋਂ ਹੀ ਰਿਸ਼ਤੇ ਮਜ਼ਬੂਤ ਹੁੰਦੇ ਹਨ। ਜੇ ਤੁਸੀਂ ਕੋਈ ਸ਼ਿਕਾਇਤ ਕਰਨ ਦੀ ਇੱਛਾ ਕਰਦੇ ਹੋ, ਤਾਂ ਅਧਿਨਿਯਮਕ ਅਥਾਰਟੀ ਨਾਲ ਸੰਪਰਕ ਕਰੋ।